ਮਹਾਦੋਸ਼ ਦਾ ਸਾਹਮਣਾ ਕਰ ਰਹੇ

ਦਖਣੀ ਕੋਰੀਆ ਦੇ ਰਾਸ਼ਟਰਪਤੀ ਨੂੰ ਹਿਰਾਸਤ 'ਚ ਲਿਆ

ਅਹੁਦੇ 'ਤੇ ਰਹਿੰਦੇ ਹੋਏ ਗ੍ਰਿਫ਼ਤਾਰ ਹੋਣ ਵਾਲੇ ਦਖਣੀ ਕੋਰੀਆ ਦੇ ਪਹਿਲੇ ਰਾਸ਼ਟਰਪਤੀ ਬਣੇ ਯੂਨ

ਸਿਓਲ, 15 ਜਨਵਰੀ : ਮਹਾਦੋਸ਼ ਦਾ ਸਾਹਮਣਾ ਕਰ ਰਹੇ ਦਖਣੀ ਕੋਰੀਆ ਦੇ ਰਾਸ਼ਟਰਪਤੀ ਯੂਨ ਸੁਕ ਯੋਲ ਨੂੰ ਬੁਧਵਾਰ ਸਵੇਰੇ ਰਾਸ਼ਟਰਪਤੀ ਕੰਪਲੈਕਸ 'ਚ ਹਿਰਾਸਤ 'ਚ ਲੈ ਲਿਆ ਗਿਆ। ਯੂਨ ਨੇ ਭ੍ਰਿਸ਼ਟਾਚਾਰ ਰੋਕੂ ਏਜੰਸੀ ਦੇ ਹੈੱਡਕੁਆਰਟਰ ਲਿਜਾਣ ਤੋਂ ਪਹਿਲਾਂ ਰੀਕਾਰਡ ਕੀਤੇ ਇਕ ਵੀਡੀਉ ਸੰਦੇਸ਼ ਵਿਚ ਕਿਹਾ ਕਿ 'ਇਸ ਦੇਸ਼ ਵਿਚ ਕਾਨੂੰਨ ਦਾ ਸ਼ਾਸਨ ਪੂਰੀ ਤਰ੍ਹਾਂ ਢਹਿ-ਢੇਰੀ ਹੋ ਗਿਆ ਹੈ।'

ਯੂਨ ਪਹਿਲੇ ਰਾਸ਼ਟਰਪਤੀ ਹਨ ਜਿਨ੍ਹਾਂ ਨੂੰ ਅਹੁਦੇ 'ਤੇ ਰਹਿੰਦੇ ਹੋਏ ਗ੍ਰਿਫ਼ਤਾਰ ਕੀਤਾ ਗਿਆ ਹੈ। ਉਹ ਕਈ ਹਫ਼ਤਿਆਂ ਤੋਂ ਰਾਜਧਾਨੀ ਸਿਓਲ 'ਚ ਅਪਣੀ ਹੰਨਾਮ-ਡੋਂਗ ਰਿਹਾਇਸ਼ 'ਤੇ ਲੁਕੇ ਹੋਏ ਸਨ ਅਤੇ ਉਨ੍ਹਾਂ ਨੇ ਉਨ੍ਹਾਂ ਨੂੰ ਸੱਤਾ ਤੋਂ ਹਟਾਉਣ ਦੀਆਂ ਕੋਸ਼ਿਸ਼ਾਂ ਵਿਰੁਧ 'ਅੰਤ ਤਕ ਲੜਨ' ਦਾ ਵਾਅਦਾ ਕੀਤਾ ਸੀ।

ਦਰਅਸਲ, ਰਾਸ਼ਟਰਪਤੀ ਨੇ ਪਿਛਲੇ ਸਾਲ 3 ਦਸੰਬਰ ਨੂੰ ਮਾਰਸ਼ਲ ਲਾਅ ਦਾ ਐਲਾਨ ਕੀਤਾ ਸੀ। ਰਾਸ਼ਟਰਪਤੀ ਦੇ ਇਸ ਕਦਮ ਨੇ ਪੂਰੇ ਦੇਸ਼ ਨੂੰ ਹੈਰਾਨ ਕਰ ਦਿਤਾ ਸੀ। ਹਾਲਾਂਕਿ ਕੁੱਝ ਘੰਟਿਆਂ ਬਾਅਦ ਮਾਰਸ਼ਲ ਲਾਅ ਖਤਮ ਹੋ ਗਿਆ ਪਰ ਦੇਸ਼ 'ਚ ਰਾਸ਼ਟਰਪਤੀ ਵਿਰੁਧ ਅਸੰਤੁਸ਼ਟੀ ਦੀ ਭਾਵਨਾ ਪੈਦਾ ਹੋ ਗਈ ਅਤੇ ਵਿਰੋਧੀ ਪਾਰਟੀਆਂ ਨੇ ਉਨ੍ਹਾਂ ਵਿਰੁਧ ਮਹਾਦੋਸ਼ ਦੀ ਕਾਰਵਾਈ ਦੀ ਮੰਗ ਕਰਨੀ ਸ਼ੁਰੂ ਕਰ ਦਿਤੀ ।

ਰਾਸ਼ਟਰਪਤੀ ਨੇ ਅਪਣੇ ਇਸ ਕਦਮ ਦਾ ਜ਼ੋਰਦਾਰ ਬਚਾਅ ਕੀਤਾ ਸੀ ਅਤੇ ਕਿਹਾ ਸੀ ਕਿ ਇਹ ਸ਼ਾਸਨ ਅਧੀਨ ਇਕ ਜਾਇਜ਼ ਕਦਮ ਸੀ। ਉੱਚ ਅਧਿਕਾਰੀਆਂ ਨਾਲ ਨਜਿੱਠਣ ਵਾਲੇ ਭ੍ਰਿਸ਼ਟਾਚਾਰ ਜਾਂਚ ਦਫਤਰ ਨੇ ਕਿਹਾ ਕਿ ਸੈਂਕੜੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਯੂਨ ਨੂੰ ਹਿਰਾਸਤ ਵਿਚ ਲੈਣ ਲਈ ਉਸ ਦੇ ਰਿਹਾਇਸ਼ੀ

ਇਸ ਦੇਸ਼ ਵਿਚ ਕਾਨੂੰਨ ਦਾ ਸ਼ਾਸਨ ਪੂਰੀ ਤਰ੍ਹਾਂ ਢਹਿ-ਢੇਰੀ ਹੋ ਗਿਐ : ਰਾਸ਼ਟਰਪਤੀ ਯੂਨ

ਕੰਪਲੈਕਸ ਵਿਚ ਦਾਖਲ ਹੋਏ ਅਤੇ ਲਗਭਗ ਤਿੰਨ ਘੰਟੇ ਬਾਅਦ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ।

ਭ੍ਰਿਸ਼ਟਾਚਾਰ ਰੋਕੂ ਏਜੰਸੀ ਅਤੇ ਪੁਲਿਸ ਸਾਂਝੇ ਤੌਰ 'ਤੇ ਯੂਨ ਦੇ ਮਾਮਲੇ ਦੀ ਜਾਂਚ ਕਰਨਗੇ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ 3 ਦਸੰਬਰ ਨੂੰ ਯੂਨ ਦਾ ਅਸਥਾਈ 'ਮਾਰਸ਼ਲ ਲਾਅ' ਬਗਾਵਤ ਦੇ ਬਰਾਬਰ ਹੈ। ਸੰਸਦ ਨੇ 14 ਦਸੰਬਰ ਨੂੰ ਯੂਨ 'ਤੇ ਮਹਾਦੋਸ਼ ਚਲਾਉਣਾ ਸ਼ੁਰੂ ਕੀਤਾ ਸੀ, ਜਿਸ ਤੋਂ ਬਾਅਦ ਉਨ੍ਹਾਂ ਦੀਆਂ ਰਾਸ਼ਟਰਪਤੀ ਅਹੁਦੇ ਦੀਆਂ ਸ਼ਕਤੀਆਂ ਮੁਅੱਤਲ ਕਰ ਦਿਤੀਆਂ ਗਈਆਂ ਸਨ। ਮਹਾਦੋਸ਼ ਦਾ ਮਾਮਲਾ ਹੁਣ ਅਦਾਲਤ ਦੇ ਸਾਹਮਣੇ ਹੈ, ਜੋ ਯੂਨ ਨੂੰ ਰਸਮੀ ਤੌਰ 'ਤੇ ਅਹੁਦੇ ਤੋਂ ਹਟਾ ਸਕਦੀ ਹੈ ਜਾਂ ਕੇਸ ਖਾਰਜ ਕਰ ਸਕਦੀ ਹੈ ਅਤੇ ਉਸ ਨੂੰ ਬਹਾਲ ਕਰ ਸਕਦੀ ਹੈ। (ਪੀਟੀਆਈ)

ਭਾਰਤ ਦੇ ਖ਼ਜ਼ਾਨੇ ਦੀ ਸਥਿਤੀ 2025 'ਚ ਕਰਜ਼ਾ ਸਮਰੱਥਾ ਨੂੰ ਪ੍ਰਭਾਵਤ ਕਰੇਗੀ : ਮੂਡੀਜ਼

ਨਵੀਂ ਦਿੱਲੀ, 15 ਜਨਵਰੀ : ਭਾਰਤ ਦੇ ਸਰਕਾਰੀ ਖਜ਼ਾਨੇ ਦੀ ਸਥਿਤੀ 2025 'ਚ ਵੀ ਇਸ ਦੀ ਕਰਜ਼ਾ ਲੈਣ ਦੀ ਸਮਰਥਾ ਨੂੰ ਪ੍ਰਭਾਵਤ ਕਰਦੀ ਰਹੇਗੀ। ਮੂਡੀਜ਼ ਰੇਟਿੰਗਜ਼ ਨੇ ਬੁਧਵਾਰ ਨੂੰ ਇਹ ਜਾਣਕਾਰੀ ਦਿਤੀ। ਹਾਲਾਂਕਿ ਰੇਟਿੰਗ ਏਜੰਸੀ ਦਾ ਮੰਨਣਾ ਹੈ ਕਿ ਅਮਰੀਕਾ-ਚੀਨ ਸਬੰਧਾਂ 'ਚ ਤਣਾਅ ਦਾ ਫਾਇਦਾ ਭਾਰਤੀ ਅਰਥਵਿਵਸਥਾ ਨੂੰ ਮਿਲ ਸਕਦਾ ਹੈ।

ਏਸ਼ੀਆ ਪ੍ਰਸ਼ਾਂਤ ਸੰਮੇਲਨ 'ਚ ਰੇਟਿੰਗ ਏਜੰਸੀ ਮੂਡੀਜ਼ ਰੇਟਿੰਗਜ਼ ਨੇ ਕਿਹਾ ਕਿ ਗਲੋਬਲ ਅਤੇ ਖੇਤਰੀ ਵਿੱਤੀ ਸਥਿਤੀਆਂ 'ਚ ਮਾਮੂਲੀ ਸੁਧਾਰ ਨਾਲ ਵਿਕਾਸ ਅਤੇ ਮਹਿੰਗਾਈ 'ਚ ਸਥਿਰਤਾ ਦੇ ਨਾਲ-ਨਾਲ ਮਜ਼ਬੂਤ ਘਰੇਲੂ ਮੰਗ ਵੀ ਹੋ ਰਹੀ ਹੈ। ਹਾਲਾਂਕਿ, ਅਮਰੀਕਾ ਦੀਆਂ ਪ੍ਰਸਤਾਵਿਤ ਵਪਾਰ ਪਾਬੰਦੀਆਂ ਪੂਰੇ ਖੇਤਰ 'ਚ ਆਰਥਕ ਉਤਪਾਦਨ ਨੂੰ ਕਮਜ਼ੋਰ ਕਰਨਗੀਆਂ।

ਮੂਡੀਜ਼ ਨੇ ਕਿਹਾ, "ਭਾਰਤ ਦੀਆਂ ਵਿੱਤੀ ਸਥਿਤੀਆਂ 2025 'ਚ ਵੀ ਇਸ ਦੀ ਕਰਜ਼ਾ ਸਮਰੱਥਾ 'ਤੇ ਰੋਕ ਲਗਾਉਂਦੀਆਂ ਰਹਿਣਗੀਆਂ। ਅਸੀਂ ਉਮੀਦ ਕਰਦੇ ਹਾਂ ਕਿ ਵਿੱਤੀ ਮਜ਼ਬੂਤੀ ਹੌਲੀ-ਹੌਲੀ ਹੋਵੇਗੀ ਅਤੇ 'ਕ੍ਰੈਡਿਟ ਰੇਟਿੰਗ ਬੀ.ਏ.ਏ. ਰੇਟਿੰਗ' ਵਾਲੇ ਹਮਰੁਤਬਾ ਦੇ ਔਸਤਨ 57 ਫ਼ੀ ਸਦੀ ਨਾਲੋਂ ਕਾਫ਼ੀ ਜ਼ਿਆਦਾ ਹੋਵੇਗੀ।"

ਇਸ 'ਚ ਕਿਹਾ ਗਿਆ ਹੈ, "ਹਾਲ ਹੀ ਦੇ ਸਾਲਾਂ 'ਚ ਮਾਲੀਆ 'ਚ ਵਾਧੇ ਦੇ ਬਾਵਜੂਦ, ਅਸੀਂ ਉਮੀਦ ਕਰਦੇ ਹਾਂ ਕਿ ਕ੍ਰੈਡਿਟ ਯੋਗਤਾ ਵੀ ਰੇਟਕੀਤੇ ਸਾਥੀਆਂ ਨਾਲੋਂ ਕਾਫ਼ੀ ਕਮਜ਼ੋਰ ਰਹੇਗੀ।" ਰੀਪੋਰਟ ਵਿਚ ਕਿਹਾ ਗਿਆ ਹੈ ਕਿ ਸਿਆਸੀ ਅਤੇ ਸਮਾਜਕ ਅਸ਼ਾਂਤੀ ਮਹੱਤਵਪੂਰਨ ਆਰਥਕ ਅਤੇ ਵਿੱਤੀ ਜੋਖਮ ਪੈਦਾ ਕਰਦੀ ਹੈ। ਏਸ਼ੀਆ-ਪ੍ਰਸ਼ਾਂਤ ਖੇਤਰ ਵਿਚ ਭੂ-ਸਿਆਸੀ ਜੋਖਮ 2025 ਵਿਚ ਵੀ ਜਾਰੀ ਰਹਿਣਗੇ, ਜੋ ਅਮਰੀਕਾ-ਚੀਨ ਸਬੰਧਾਂ ਅਤੇ ਖੇਤਰੀ ਤਣਾਅ ਤੋਂ ਪੈਦਾ ਹੋਣਗੇ। ਮੂਡੀਜ਼ ਦਾ ਅਨੁਮਾਨ ਹੈ ਕਿ ਤਾਈਵਾਨ ਸਟ ਰੇਟ ਜਾਂ ਕੋਰੀਆਈ ਪ੍ਰਾਇਦੀਪ 'ਚ ਫੌਜੀ ਟਕਰਾਅ ਦੀ ਸੰਭਾਵਨਾ ਘੱਟ ਹੈ। ਤਣਾਅ ਉੱਚ ਪੱਧਰ 'ਤੇ ਰਹੇਗਾ, ਖ਼ਾਸਕਰ ਅਮਰੀਕਾ-ਚੀਨ ਸਬੰਧਾਂ ਕਾਰਨ। (ਪੀਟੀਆਈ)

ਰੁਪਏ ਦੀ ਗਿਰਾਵਟ ਨੂੰ ਰੋਕਣ ਲਈ ਬਜਟ 'ਚ ਆਯਾਤ ਡਿਊਟੀ ਵਧਾਈ ਜਾ ਸਕਦੀ ਹੈ : ਸ਼੍ਰੀਵਾਸਤਵ

ਨਵੀਂ ਦਿੱਲੀ, 15 ਜਨਵਰੀ : ਈਵਾਈ ਦੇ ਮੁੱਖ ਨੀਤੀ ਸਲਾਹਕਾਰ ਡੀ.ਕੇ. ਸ਼੍ਰੀਵਾਸਤਵ ਨੇ ਕਿਹਾ ਕਿ ਸਰਕਾਰ ਪਿਛਲੇ ਕੁੱਝ ਮਹੀਨਿਆਂ 'ਚ ਰੁਪਏ ਦੀ ਕੀਮਤ 'ਚ ਆਈ ਭਾਰੀ ਗਿਰਾਵਟ ਨੂੰ ਰੋਕਣ ਲਈ ਆਉਣ ਵਾਲੇ ਬਜਟ 'ਚ ਆਯਾਤ 'ਤੇ ਜ਼ਿਆਦਾ ਡਿਊਟੀ ਲਗਾਉਣ 'ਤੇ ਵਿਚਾਰ ਕਰ ਸਕਦੀ ਹੈ। ਉੱਘੇ ਅਰਥਸ਼ਾਸਤਰੀ ਨੇ ਦਲੀਲ ਦਿਤੀ ਕਿ ਉੱਚ ਆਯਾਤ ਡਿਊਟੀ ਦਰਾਮਦਕਾਰਾਂ ਤੋਂ ਡਾਲਰ ਦੀ ਮੰਗ ਨੂੰ ਰੋਕ ਦੇਵੇਗੀ ਅਤੇ ਰੁਪਏ ਦੇ ਡਿੱਗ ਰਹੇ ਮੁੱਲ ਨੂੰ ਰੋਕਣ 'ਚ ਸਹਾਇਤਾ ਕਰੇਗੀ। ਰੁਪਿਆ 13 ਜਨਵਰੀ ਨੂੰ ਅਮਰੀਕੀ ਡਾਲਰ ਦੇ ਮੁਕਾਬਲੇ 86.70 ਦੇ ਇਤਿਹਾਸਕ ਹੇਠਲੇ ਪੱਧਰ ਨੂੰ ਛੂਹ ਗਿਆ ਸੀ। ਸ਼੍ਰੀਵਾਸਤਵ ਨੇ ਕਿਹਾ ਕਿ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਏ 'ਚ ਅਚਾਨਕ ਗਿਰਾਵਟ ਨੀਤੀ ਨਿਰਮਾਤਾਵਾਂ ਲਈ ਚੁਨੌਤੀ ਬਣਨ ਜਾ ਰਹੀ ਹੈ। ਵਿੱਤੀ ਪੱਖ 'ਤੇ ਬਜਟ ਨਿਰਮਾਤਾਵਾਂ ਲਈ ਅਤੇ ਮੁਦਰਾ ਪੱਖ 'ਤੇ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਲਈ। ਉਮੀਦ ਹੈ ਕਿ ਅਮਰੀਕੀ ਅਰਥਵਿਵਸਥਾ 'ਚ ਸੁਧਾਰ ਹੋਣ ਜਾ ਰਿਹਾ ਹੈ ਅਤੇ ਇਸ ਲਈ ਬਹੁਤ ਸਾਰੇ ਵਿੱਤੀ ਸਰੋਤ ਦੁਨੀਆਂ ਦੀ ਸੱਭ ਤੋਂ ਵੱਡੀ ਅਰਥਵਿਵਸਥਾ ਵਲ ਮੁੜ ਰਹੇ ਹਨ। ਸ਼੍ਰੀਵਾਸਤਵ 16ਵੇਂ ਵਿੱਤ ਕਮਿਸ਼ਨ ਦੀ ਸਲਾਹਕਾਰ ਕੌਂਸਲ ਦੇ ਮੈਂਬਰ ਵੀ ਹਨ। ਉਨ੍ਹਾਂ ਕਿਹਾ ਕਿ ਸਿਰਫ ਰੁਪਿਆ ਹੀ ਨਹੀਂ ਬਲਕਿ ਹੋਰ ਯੂਰਪੀਅਨ ਮੁਦਰਾਵਾਂ ਵੀ ਇਸੇ ਤਰ੍ਹਾਂ ਦੇ ਦਬਾਅ ਦਾ ਸਾਹਮਣਾ ਕਰ ਰਹੀਆਂ ਹਨ। (ਪੀਟੀਆਈ)

ਇਕ ਨਜ਼ਰ

ਦੋ ਨਿਜੀ ਪੁਲਾੜ ਜਹਾਜ਼ ਚੰਦਰਮਾ ਦੀ ਯਾਤਰਾ 'ਤੇ ਰਵਾਨਾ ਹੋਏ

ਕੇਪ ਕੈਨਾਵੇਰਲ (ਅਮਰੀਕਾ), 15 ਜਨਵਰੀ : ਅਮਰੀਕਾ ਦੀ ਇਕ ਨਿੱਜੀ ਪੁਲਾੜ ਆਵਾਜਾਈ ਸੇਵਾ ਕੰਪਨੀ 'ਸਪੇਸਐਕਸ' ਨੇ ਬੁਧਵਾਰ ਨੂੰ ਅਮਰੀਕਾ ਅਤੇ ਜਾਪਾਨ ਦੀਆਂ ਕੰਪਨੀਆਂ ਲਈ ਦੋ ਉਪਗ੍ਰਹਿ ਛੱਡੇ। ਦੋਹਾਂ ਪੁਲਾੜ ਜਹਾਜ਼ਾਂ ਨੇ ਅੱਧੀ ਰਾਤ ਨੂੰ ਨੈਸ਼ਨਲ ਐਰੋਨੋਟਿਕਸ ਐਂਡ ਸਪੇਸ ਐਡਮਿਨਿਸਟਰੇਸ਼ਨ (ਨਾਸਾ) ਦੇ ਕੈਨੇਡੀ ਸਪੇਸ ਸੈਂਟਰ ਤੋਂ ਉਡਾਣ ਭਰੀ। ਟੋਕੀਓ ਸਥਿਤ 'ਆਈਸਪੇਸ' ਦੀ ਇਹ ਦੂਜੀ ਕੋਸ਼ਿਸ਼ ਹੈ, ਜਿਸ ਦਾ ਪਹਿਲਾ ਜਹਾਜ਼ ਦੋ ਸਾਲ ਪਹਿਲਾਂ ਚੰਦਰਮਾ 'ਤੇ ਹਾਦਸਾਗ੍ਰਸਤ ਹੋਇਆ ਸੀ। ਇਸ ਵਾਰ, ਪੁਲਾੜ ਯਾਨ ਕੋਲ ਚੰਦਰਮਾ ਦੀ ਮਿੱਟੀ ਇਕੱਠੀ ਕਰਨ ਲਈ ਇਕ ਸਕੂਪ ਵਾਲਾ ਰੋਵਰ ਹੈ ਅਤੇ ਭਵਿੱਖ ਦੇ ਖੋਜਕਰਤਾਵਾਂ ਲਈ ਸੰਭਾਵਤ ਭੋਜਨ ਅਤੇ ਪਾਣੀ ਦੇ ਸਰੋਤਾਂ ਦੀ ਜਾਂਚ ਕਰਨ ਦੀ ਯੋਜਨਾ ਹੈ। ਨਾਸਾ ਦਾ ਨਵਾਂ ਗਠਿਤ ਟੈਕਸਾਸ ਅਧਾਰਤ ਫਾਇਰਫਲਾਈ ਏਰੋਸਪੇਸ ਨਾਸਾ ਲਈ ਚੰਦਰਮਾ 'ਤੇ ਖੋਜ ਕਰਨ ਲਈ 10 ਪ੍ਰਯੋਗ ਕਰ ਰਿਹਾ ਹੈ। (ਪੀਟੀਆਈ)

ਰੂਸ ਵਲੋਂ ਜ਼ੋਰਦਾਰ ਮਿਜ਼ਾਈਲ ਹਮਲੇ ਤੋਂ ਬਾਅਦ ਯੂਕਰੇਨ 'ਚ ਬਿਜਲੀ ਗੁੱਲ

ਕੀਵ, 15 ਜਨਵਰੀ : ਰੂਸ ਨੇ ਬੁਧਵਾਰ ਨੂੰ ਯੂਕਰੇਨ 'ਤੇ ਵੱਡੇ ਪੱਧਰ 'ਤੇ ਹਵਾਈ ਹਮਲਾ ਕੀਤਾ, ਜਿਸ ਕਾਰਨ ਦੇਸ਼ ਨੂੰ ਸਾਵਧਾਨੀ ਤਿਹਤ ਬਿਜਲੀ ਕੱਟ ਲਗਾਉਣ ਲਈ ਮਜਬੂਰ ਹੋਣਾ ਪਿਆ। ਯੂਕਰੇਨ ਦੇ ਊਰਜਾ ਮੰਤਰੀ ਨੇ ਇਹ ਜਾਣਕਾਰੀ ਦਿਤੀ। ਊਰਜਾ ਮੰਤਰੀ ਹਰਮਨ ਹਲਯੂਸ਼ਚੇਂਕੋ ਨੇ ਫੇਸਬੁੱਕ 'ਤੇ ਲਿਖਿਆ, "ਦੁਸ਼ਮਣ ਯੂਕਰੇਨ ਦੇ ਲੋਕਾਂ ਨੂੰ ਦਹਿਸ਼ਤ 'ਚ ਪਾ ਰਿਹਾ ਹੈ। ਉਨ੍ਹਾਂ ਨੇ ਵਸਨੀਕਾਂ ਨੂੰ ਮੌਜੂਦਾ ਖਤਰੇ ਦੌਰਾਨ ਆਸਰੇ ਦੀਆਂ ਥਾਵਾਂ 'ਚ ਰਹਿਣ ਅਤੇ ਅਧਿਕਾਰਤ ਅਪਡੇਟਾਂ ਅਨੁਸਾਰ ਕੰਮ ਕਰਨ ਦੀ ਅਪੀਲ ਕੀਤੀ।" ਸਰਕਾਰੀ ਊਰਜਾ ਕੰਪਨੀ ਯੂਕਰੇਨਰਗੋ ਨੇ ਖਾਰਕਿਵ, ਸੁਮੀ, ਪੋਲਟਾਵਾ, ਜ਼ਪੋਰੀਜ਼ੀਆ, ਡਨੀਪ੍ਰੋਪੇਤਰੋਵਸਕ ਅਤੇ ਕਿਰੋਵੋਹਰਾਡ ਖੇਤਰਾਂ 'ਚ ਐਮਰਜੈਂਸੀ ਬਿਜਲੀ ਕੱਟਾਂ ਦੀ ਰੀਪੋਰਟ ਕੀਤੀ ਹੈ। ਕੀਵ ਦੇ ਮੇਅਰ ਔਂਡਰੇ ਸਾਡੋਵੀ ਨੇ ਕਿਹਾ ਕਿ ਰੂਸੀ ਫੌਜ ਨੇ ਬੁਧਵਾਰ ਤੜਕੇ ਪਛਮੀ ਲਵੀਵ ਖੇਤਰ ਵਿਚ ਊਰਜਾ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾ ਕੇ ਮਿਜ਼ਾਈਲ ਹਮਲੇ ਕੀਤੇ। ਉਨ੍ਹਾਂ ਕਿਹਾ, "ਤੜਕੇ ਹੋਏ ਹਮਲੇ ਦੌਰਾਨ ਇਲਾਕੇ 'ਚ ਦੁਸ਼ਮਣ ਦੀਆਂ ਕਰੂਜ਼ ਮਿਜ਼ਾਈਲਾਂ ਦੀ ਮੌਜੂਦਗੀ ਦਰਜ ਕੀਤੀ ਗਈ।" ਹਾਲਾਂਕਿ ਇਸ ਹਮਲੇ 'ਚ ਕਿਸੇ ਦੇ ਜਾਨੀ ਨੁਕਸਾਨ ਦੀ ਖਬਰ ਨਹੀਂ ਹੈ। ਯੂਕਰੇਨ ਦੀ ਹਵਾਈ ਫੌਜ ਨੇ ਦੇਸ਼ ਪਧਰੀ ਹਵਾਈ ਹਮਲੇ ਦੀ ਚੇਤਾਵਨੀ ਦੌਰਾਨ ਰੂਸ ਵਲੋਂ ਦਾਗੀਆਂ ਗਈਆਂ ਕਈ ਮਿਜ਼ਾਈਲਾਂ ਦਾ ਪਤਾ ਲਗਾਇਆ, ਹਾਲਾਂਕਿ ਸ਼ੁਰੂਆਤੀ ਰੀਪੋਰਟਾਂ ਨੇ ਕਿਸੇ ਨੁਕਸਾਨ ਦਾ ਸੰਕੇਤ ਨਹੀਂ ਦਿਤਾ। ਬੁਧਵਾਰ ਦੇ ਹਮਲੇ ਨੇ ਯੂਕਰੇਨ ਦੇ ਊਰਜਾ ਬੁਨਿਆਦੀ ਢਾਂਚੇ 'ਤੇ ਦਬਾਅ ਹੋਰ ਵਧਾ ਦਿਤਾ ਹੈ, ਜਿਸ ਨੂੰ ਲਗਭਗ ਤਿੰਨ ਸਾਲ ਪੁਰਾਣੇ ਜੰਗ ਦੌਰਾਨ ਲਗਾਤਾਰ ਨਿਸ਼ਾਨਾ ਬਣਾਇਆ ਗਿਆ ਹੈ। (ਪੀਟੀਆਈ)

ਚੈਂਪੀਅਨਜ਼ ਟਰਾਫ਼ੀ ਦਾ ਉਦਘਾਟਨ ਸਮਾਰੋਹ 16 ਜਾਂ 17 ਫ਼ਰਵਰੀ ਨੂੰ ਹੋਵੇਗਾ

ਲਾਹੌਰ, 15 ਜਨਵਰੀ : ਆਈ.ਸੀ.ਸੀ. ਚੈਂਪੀਅਨਜ਼ ਟਰਾਫੀ ਦਾ ਉਦਘਾਟਨ ਸਮਾਰੋਹ 16 ਜਾਂ 17 ਫ਼ਰਵਰੀ ਨੂੰ ਹੋਣਾ ਹੈ ਅਤੇ ਪਾਕਿਸਤਾਨ ਕ੍ਰਿਕਟ ਬੋਰਡ ਨੂੰ ਉਮੀਦ ਹੈ ਕਿ ਭਾਰਤੀ ਕਪਤਾਨ ਰੋਹਿਤ ਸ਼ਰਮਾ ਇਸ 'ਚ ਸ਼ਾਮਲ ਹੋਣਗੇ। ਪੀ.ਸੀ.ਬੀ. ਦੇ ਇਕ ਸੂਤਰ ਨੇ ਦਸਿਆ ਕਿ ਉਹ ਕਪਤਾਨਾਂ ਦੇ ਫੋਟੋਸ਼ੂਟ ਅਤੇ ਟੂਰਨਾਮੈਂਟ ਤੋਂ ਪਹਿਲਾਂ ਪ੍ਰੈਸ ਕਾਨਫਰੰਸ ਦੇ ਪ੍ਰੋਗਰਾਮ ਬਾਰੇ ਆਈ.ਸੀ.ਸੀ. ਤੋਂ ਜਾਣਕਾਰੀ ਦੀ ਉਡੀਕ ਕਰ ਰਹੇ ਹਨ। ਅੱਠ ਟੀਮਾਂ ਦਾ ਇਹ ਟੂਰਨਾਮੈਂਟ 19 ਫ਼ਰਵਰੀ ਤੋਂ ਕਰਾਚੀ 'ਚ ਸ਼ੁਰੂ ਹੋਵੇਗਾ। ਸੁਰੱਖਿਆ ਕਾਰਨਾਂ ਕਰਕੇ ਪਾਕਿਸਤਾਨ ਨਹੀਂ ਜਾ ਰਹੀ ਭਾਰਤੀ ਟੀਮ ਅਪਣੇ ਮੈਚ ਦੁਬਈ 'ਚ ਖੇਡੇਗੀ। ਭਾਰਤ ਅਪਣਾ ਪਹਿਲਾ ਮੈਚ 20 ਫ਼ਰਵਰੀ ਨੂੰ ਬੰਗਲਾਦੇਸ਼ ਨਾਲ ਖੇਡੇਗਾ। ਸੂਤਰ ਨੇ ਕਿਹਾ ਕਿ ਪੀ.ਸੀ.ਬੀ. ਨੂੰ ਸਾਰੇ ਕਪਤਾਨਾਂ, ਖਿਡਾਰੀਆਂ ਅਤੇ ਟੀਮ ਅਧਿਕਾਰੀਆਂ ਲਈ ਵੀਜ਼ਾ ਲਈ ਸਰਕਾਰ ਤੋਂ ਮਨਜ਼ੂਰੀ ਮਿਲ ਗਈ ਹੈ। ਚਾਹੇ ਰੋਹਿਤ ਹੋਵੇ ਜਾਂ ਕੋਈ ਹੋਰ ਭਾਰਤੀ ਖਿਡਾਰੀ ਜਾਂ ਅਧਿਕਾਰੀ। ਇਕ ਹੋਰ ਸੂਤਰ ਨੇ ਕਿਹਾ ਕਿ ਪੀ.ਸੀ.ਬੀ. ਨੇ ਆਈ.ਸੀ.ਸੀ. ਨੂੰ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਉਦਘਾਟਨ ਸਮਾਰੋਹ ਪਾਕਿਸਤਾਨ ਵਿਚ ਹੋਵੇਗਾ। ਸੂਤਰ ਨੇ ਕਿਹਾ, "ਇਹ ਆਮ ਪ੍ਰੋਟੋਕੋਲ ਹੈ ਕਿ ਪਹਿਲਾ ਮੈਚ 19 ਫ਼ਰਵਰੀ ਨੂੰ ਹੈ, ਇਸ ਲਈ ਉਦਘਾਟਨ ਸਮਾਰੋਹ 16 ਜਾਂ 17 ਫ਼ਰਵਰੀ ਨੂੰ ਹੋਵੇਗਾ।" (ਪੀਟੀਆਈ)

ਖੋ-ਖੋ ਵਿਸ਼ਵ ਕੱਪ ਦੇ ਪਹਿਲੇ ਦਿਨ ਭਾਰਤ ਦੀ ਜਿੱਤ

ਨਵੀਂ ਦਿੱਲੀ, 15 ਜਨਵਰੀ : ਦਿੱਲੀ 'ਚ ਚੱਲ ਰਹੇ ਖੋ-ਖੋ ਵਿਸ਼ਵ ਕੱਪ-2025 ਵਿਚ ਭਾਰਤੀ ਮਹਿਲਾ ਟੀਮ ਨੇ ਅਪਣੇ ਪਹਿਲੇ ਮੈਚ 'ਚ ਦਖਣੀ ਕੋਰੀਆ ਨੂੰ 157 ਅੰਕਾਂ ਦੇ ਵੱਡੇ ਫ਼ਰਕ ਨਾਲ ਹਰਾਇਆ।

ਇਸ ਸ਼ਾਨਦਾਰ ਜਿੱਤ 'ਚ ਹਰਿਆਣਾ ਦੀ ਧੀ ਮੀਨੂੰ ਧਤਰਵਾਲ ਨੇ ਅਹਿਮ ਭੂਮਿਕਾ ਨਿਭਾਈ। ਭਾਰਤੀ ਟੀਮ 'ਚ ਮੀਨੂੰ ਧਤਰਵਾਲ ਹਰਿਆਣਾ ਦੀ ਇਕਲੌਤੀ ਖਿਡਾਰਨ ਹੈ, ਜਿਸ ਨੇ ਮੈਚ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਮੀਨੂੰ ਧਤਰਵਾਲ ਹਿਸਾਰ ਜ਼ਿਲ੍ਹੇ ਦੇ ਉਕਲਾਨਾ ਇਲਾਕੇ ਦੇ ਪਿੰਡ ਬਿਠਮਰਾ ਦੀ ਰਹਿਣ ਵਾਲੀ ਹੈ। ਮੀਨੂੰ ਨੇ ਦਸਿਆ ਕਿ 13 ਜਨਵਰੀ ਤੋਂ ਸ਼ੁਰੂ ਹੋਏ ਇਸ ਵਿਸ਼ਵ ਕੱਪ ਵਿਚ ਕੁਲ 4 ਗਰੁੱਪ ਹਨ। ਭਾਰਤ ਗਰੁੱਪ ਏ 'ਚ ਹੈ, ਜਿਸ 'ਚ ਦਖਣੀ ਕੋਰੀਆ, ਇਰਾਨ ਅਤੇ ਮਲੇਸ਼